**ਲੋਕ ਸੰਪਰਕ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ**
**www.chandigarh.gov.in**
**ਪ੍ਰੈਸ ਨੋਟ**

ਚੰਡੀਗੜ੍ਹ, 28 ਜੁਲਾਈ :-ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ, ਸਰੋਵਰ ਪੱਥ ਸੈਕਟਰ 45, (ਰੇਹੜੀ ਮਾਰਕਿਟ ਦੇ ਦੂਜੇ ਪਾਸੇ) ਚੰਡੀਗੜ੍ਹ ਵਿਚ ਜੁਲਾਈ 30, 31 ਅਤੇ ਅਗਸਤ 1, 2010 ਨੂੰ ਸਵੇਰੇ 9 ਵਜ਼ੇ ਤੋਂ ਸ਼ਾਮ 8 ਵਜ਼ੇ ਤੱਕ ਸਰਬਜਨਕ ਵੰਡ ਪ੍ਰਣਾਲੀ ਤੇ ਅਧਾਰਤ ਸਮਾਰਟ ਕਾਰਡ ਦੇ ਅਧੀਨ ਲਾਭ ਪ੍ਰਾਪਤ ਕਰਨ ਵਾਲਿਆਂ ਦੇ ਨਾਮਾਂਕਨ ਦੇ ਲਈ ਇੱਕ ਕੈਂਪ ਲਗਾਇਆ ਜਾਵੇਗਾ। ਕੈਂਪ ਦੇ ਦੌਰਾਨ ਕਾਰਡ ਧਾਰਕਾਂ ਦੇ ਸਾਰੇ ਪਰਿਵਾਰ ਮੈਂਬਰਾਂ ਦੇ ਬਾਇਉ ਮੈਟਰਿਕ ਅਤੇ ਫੋਟੋਗ੍ਰਾਫ ਲਏ ਜਾਣਗੇ।

ਐਮ/ਐਸ ਪਵਨ ਕਰਿਆਨਾ ਸਟੋਰ, ਲੇਬਰ ਕਲੋਨੀ ਨੰਬਰ 5 ਚੰਡੀਗੜ੍ਹ ਦੇ ਐਮ/ਐਸ ਖਰਾਤੀ ਕਰਿਆਨਾ ਸਟੋਰ ਡਿਪੋ ਹੋਲਡਰ ਐਮ/ਐਸ ਅਮਨ ਕਰਿਆਨਾ ਸਟੋਰ ਬੁਡੈਲ, ਚੰਡੀਗੜ੍ਹ ਨਾਲ ਜੁੜੇ ਸਾਰੇ ਬੀਪੀਐਲ ਰਾਸ਼ਨ ਕਾਰਡ ਧਾਰਕਾਂ ਨੂੰ ਨਿਸ਼ਚਿਤ ਤਰੀਕ ਅਤੇ ਸਥਾਨ ਤੇ ਬਾਇਉ ਮੈਟਰਿਕ ਡਾਟਾ ਲੈ ਕੇ ਆਉਣ ਦੀ ਬੇਨਤੀ ਕੀਤੀ ਹੈ।

ਦੂਸਰੀਆਂ ਫੇਅਰ ਪਰਾਈਜ਼ ਸ਼ਾਪ ਦੇ ਲਈ ਬਾਇਉ ਮੈਟਰਿਕ ਅਤੇ ਫੋਟੋਗ੍ਰਾਫ ਲੈਣ ਦਾ ਸਮਾਂ ਜਲਦੀ ਹੀ ਜ਼ਾਰੀ ਕੀਤਾ ਜਾਵੇਗਾ।